**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ, ਸਮੱਗਰ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਵਿੱਦਿਆ ਭਵਨ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ ਏ ਐਸ ਨਗਰ (ਮੁਹਾਲੀ), ਪੰਜਾਬ**

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ ਸਿ), ਪੰਜਾਬ
ਜਿਲ੍ਹਾ ਸਿੱਖਿਆ ਅਫਸਰ (ਐ ਸਿ), ਪੰਜਾਬ

ਮੀਮੋ ਨੰ – 2023/ਸਸਅ/ਐਮ ਆਈ ਐਸ /202332070৬
ਮਿਤੀ 01 ਦਸੰਬਰ, 2023

**ਵਿਸ਼ਾ** **ਯੂਡਾਈਸ ਸਰਵੇ 2023-24 ਸਬੰਧੀ।**

**ਹਵਾਲਾ -** 2023/ਸਸਅ/ਐਮ ਆਈ ਐਸ /294633 — 18 ਅਕਤੂਬਰ, 2023
2023/ਸਸਅ/ਐਮ ਆਈ ਐਸ /294633 SP1 — 15 ਨਵੰਬਰ 2023

1.0 ਯੂਡਾਈਸ ਸਰਵੇ 2023-24 ਸਬੰਧੀ ਸਕੂਲਾਂ ਵਲੋਂ ਡਾਟਾ ਐਂਟਰੀ ਲਈ ਪੋਰਟਲ ਭਾਰਤ ਸਰਕਾਰ ਵਲੋਂ ਖੋਲ ਦਿੱਤਾ ਗਿਆ ਹੈ। ਇਸ ਪੋਰਟਲ ਉੱਤੇ ਪੰਜਾਬ ਰਾਜ ਦੇ ਸਮੂਹ ਸਕੂਲਾਂ (ਸਰਕਾਰੀ, ਏਡਿਡ, ਪ੍ਰਾਈਵੇਟ ਆਦਿ) ਵਲੋਂ ਸਕੂਲ ਦੇ ਬੁਨਿਆਦੀ ਢਾਂਚੇ, ਵਿਦਿਆਰਥੀ, ਸਟਾਫ, ਨਤੀਜੇ ਆਦਿ ਸਬੰਧੀ ਡਾਟਾ ਭਰਿਆ ਜਾਣਾ ਹੈ।

2.0 ਮਿਤੀ 05-10-2023 ਨੂੰ ਸਕੱਤਰ ਸਕੂਲ ਸਿੱਖਿਆ ਜੀ ਵਲੋਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਦੀ ਮੀਟਿੰਗ ਦੋਰਾਨ ਲਏ ਗਏ ਫੈਸਲੇ ਅਨੁਸਾਰ ਯੂਡਾਈਸ ਡਾਟਾ ਦੀ ਗੁਣਵੱਤਾ ਵਧਾਉਣ ਲਈ 2-2 ਸਕੂਲਾਂ ਦੇ Pair ਬਣਾਏ ਜਾਣਗੇ ਅਤੇ ਸਕੂਲਾਂ ਵਲੋਂ ਇੱਕ-ਦੂਜੇ ਸਕੂਲ ਦਾ ਡਾਟਾ ਚੈੱਕ ਕਰਕੇ ਵੈਰੀਫਾਈ ਕੀਤਾ ਜਾਵੇਗਾ। ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ) ਨੂੰ ਇਸ ਕੰਮ ਦੀ ਮੋਨੀਟਰਿੰਗ ਕਰਨ ਲਈ ਲਿਖਿਆ ਗਿਆ ਸੀ।

3.0 ਉਪਰੋਕਤ ਤੋਂ ਇਲਾਵਾ, ਜਿਲ੍ਹੇ ਦੇ 10 ਪ੍ਰਤੀਸ਼ਤ ਸਕੂਲਾਂ ਦੀ ਚੈਕਿੰਗ ਜਿਲ੍ਹਾ ਸਿੱਖਿਆ ਅਫਸਰ (ਸੈ ਸਿ), ਜਿਲ੍ਹਾ ਸਿੱਖਿਆ ਅਫਸਰ (ਐ ਸਿ) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਵਲੋਂ ਵੀ ਕੀਤੀ ਜਾਣੀ ਸੀ ਅਤੇ ਇਸ ਸਬੰਧੀ ਆਪਣੀ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਣੀ ਸੀ।

4.0 ਇਸ ਦਫਤਰ ਦੇ ਧਿਆਨ ਵਿਚ ਇਹ ਵੀ ਆਇਆ ਹੈ ਕਿ ਬਹੁਤ ਸਾਰੇ ਸਕੂਲ ਵਿਦਿਆਰਥੀਆਂ ਦਾ ਡਾਟਾ ਅੱਪਡੇਟ ਨਹੀਂ ਕਰ ਰਹੇ, ਭਾਵ ਜੇਕਰ ਵਿਦਿਆਰਥੀ ਸਕੂਲ ਛੱਡ ਗਏ ਹਨ ਤਾਂ ਉਨ੍ਹਾ ਦਾ ਸਟੇਟਸ ਅੱਪਡੇਟ ਕੀਤਾ ਜਾਵੇ ਤਾਂ ਜੋ ਜਿਸ ਸਕੂਲ ਵਿਚ ਵਿਦਿਆਰਥੀ ਨੇ ਦਾਖਲਾ ਲਿਆ ਹੈ ਉਸ ਵਿਚ ਉਸ ਦਾ ਡਾਟਾ ਸਹੀ ਭਰਿਆ ਜਾ ਸਕੇ। ਇਸੇ ਤਰ੍ਹਾਂ ਅਧਿਆਪਕਾਂ ਦਾ ਸਟੇਟਸ ਵੀ ਠੀਕ ਅੱਪਡੇਟ ਕੀਤਾ ਜਾਵੇ ਤਾਂ ਜੋ ਸਕੂਲ ਦੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਹੀ ਸਥਿਤੀ ਰਿਪੋਰਟ ਕੀਤੀ ਜਾ ਸਕੇ।

5.0 ਯੂਡਾਈਸ ਸਰਵੇ 2023-24 ਅਧੀਨ ਸਕੂਲਾਂ ਵਲੋਂ ਭਰੇ ਜਾ ਰਹੇ ਡਾਟਾ ਦੀ ਪ੍ਰਗਤੀ ਕਾਫੀ ਘੱਟ ਹੈ ਅਤੇ ਜਿਲ੍ਹਾ ਯੂਡਾਈਸ ਨੋਡਲ ਅਸਫਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਯੂਡਾਈਸ ਸਰਵੇ 2023-24 ਦਾ ਡਾਟਾ ਸਕੂਲਾਂ ਵਲੋਂ ਮਿਤੀ 15 ਦਸੰਬਰ, 2023 ਤੱਕ ਭਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਡਾਟਾ ਨੂੰ ਪਹਿਲ ਦੇ ਅਧਾਰ ਉੱਤੇ ਸਬੰਧਤ ਜਿਲ੍ਹਾ ਅਤੇ ਬਲਾਕ ਅਧਿਕਾਰੀਆਂ ਵਲੋਂ ਚੈੱਕ ਵੀ ਕੀਤਾ ਜਾਵੇ।

Vinay Bublani
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-**

1) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ ਸਿ), ਪੰਜਾਬ
2) ਡਾਇਰੈਕਟਰ ਸਕੂਲ ਐਜੂਕੇਸ਼ਨ (ਐ ਸਿ), ਪੰਜਾਬ
3) ਡਾਇਰੈਕਟਰ ਐਸ ਸੀ ਈ ਆਰ ਟੀ , ਪੰਜਾਬ
4) ਸਬੰਧ ਜਿਲ੍ਹਾ ਐਮ ਆਈ ਐਸ ਕੋਆਰਡੀਨੇਟਰ, ਪੰਜਾਬ